# ਨਾਰਥਮਬਰੀਆ [Northumbria] ਵਿਚ ਪੁਲਿਸ ਸੇਵਾ ਦੀ ਵਚਨਬੱਧਤਾ

*ਤੁਹਾਡੇ ਲਈ ਆਪਣੀ ਸੇਵਾ ਮੁਹੱਈਆ ਕਰਦਿਆਂ*

## ਪੁਲਿਸ ਸੇਵਾ ਦੀ ਕੀ ਵਚਨਬੱਧਤਾ ਹੈ ?

ਪੁਲਿਸ ਦੀ ਵਚਨਬਧੱਤਾ, ਸੇਵਾ ਦੇ ਮਿਆਰਾਂ ਬਾਰੇ ਭਾਈਚਾਰਿਆਂ ਨੂੰ ਦਸੱਦੀ ਹੈ ਜੋ ਉਹ ਨਾਰਥਮਬਰੀਆ ਪੁਲਿਸ ਤੋਂ ਉਮੀਦ ਕਰ ਸਕਦੇ ਹਨ।

ਇਹ 1 ਜਨਵਰੀ, 2009 ਨੂੰ ਸ਼ੁਰੂ ਕੀਤੀ ਗਈ ਸੀ ਅਤੇ ਦੇਸ਼ ਦੇ ਸਾਰੇ ਪੁਲਿਸ ਬਲਾਂ ਨੇ ਇਸ ਉਤੇ ਦਸਤਖ਼ਤ ਕੀਤੇ ਸਨ।

## ਪੁਲਿਸ ਵਚਨਬਧੱਤਾ ਦਾ ਤੁਹਾਡੇ ਲਈ ਕੀ ਮਤਲਬ ਹੈ

ਅਸੀਂ ਤੁਹਾਡੇ ਮੁਕਾਮੀ ਇਲਾਕੇ ਵਿਚ ਵਧੀਆ ਕਵਾਲਿਟੀ ਦੀ ਸੇਵਾ ਮੁਹੱਈਆ ਕਰਨਾ ਚਾਹੁੰਦੇ ਹਾਂ। ਪੁਲਿਸ ਵਚਨਬਧੱਤਾ ਦਸ ਮੁੱਖ ਵਿਸ਼ੇ ਬਿਆਨ ਕਰਦੀ ਹੈ ਜਿਸ ਉਤੇ ਸਾਡੀ ਸਰਵਿਸ ਆਧਾਰਿਤ ਹੋਵੇਗੀ।

ਜਿਵੇਂਕਿ ਤੁਸੀਂ ਸਾਹਮਣੇ ਵਾਲੇ ਪੰਨੇ ਉਤੇ ਦੇਖ ਸਕਦੇ ਹੋ, ਇਨ੍ਹਾਂ ਵਿਚ ਸ਼ਾਮਲ ਹੈ: ਤਹਾਡੀਆਂ ਮੁਕਾਮੀ ਗੁਆਂਢ ਦੀਆਂ ਪੁਲਿਸ ਟੀਮਾਂ ਅਤੇ ਤੁਹਾਡੇ ਇਲਾਕੇ ਵਿਚ ਅਪਰਾਧ ਬਾਰੇ ਫ਼ੌਰਨ ਸੂਚਨਾ ਦੀ ਉਪਲਬੱਧਤਾ, ਕਾਲਾਂ ਦਾ ਫ਼ੌਰਨ ਜਵਾਬ ਦਿੱਤਾ ਜਾਣਾ ਅਤੇਂ ਬੜੇ ਅਸਰਦਾਰ ਤਰੀਕੇ ਨਾਲ ਜਵਾਬ ਦੇਣ ਨੂੰ ਯਕੀਨੀ ਬਣਾਉਂਣਾ।

ਅਸੀਂ ਤੁਹਾਨੂੰ ਆਪਣੇ ਮੁਕਾਮੀ ਇਲਾਕੇ ਦੀ ਪੁਲਿਸ ਸੇਵਾ ਵਿਚ ਆਪਣੀ ਗੱਲ ਕਹਿਣ ਦੇ ਹੋਰ ਮੌਕੇ ਵੀ ਦਿਆਂਗੇ ਅਤੇ ਇਨ੍ਹਾਂ ਮੌਕਿਆਂ ਦੀ ਗਿਣਤੀ ਵਿਚ ਵਾਧਾ ਕਰਾਂਗੇ ਕਿ ਤੁਸੀਂ ਆਪਣੇ ਗੁਆਂਢ ਦੀਆਂ ਪੁਲਿਸ ਟੀਮਾਂ ਨਾਲ ਮਿਲ ਸਕਦੇ ਹੋ।

ਹਰ ਇਲਾਕੇ ਕੋਲ ਆਪਣੀ ਗੁਆਂਢੀ ਪੁਲਿਸ ਟੀਮ ਹੈ। ਪੁਲਿਸ ਵਚਨਬਧੱਤਾ ਇਹਨਾਂ ਮਿਆਰਾਂ ਨੂੰ ਸਪਸ਼ਟ ਕਰਦੀ ਹੈ: ਟੀਮ ਦੇ ਸਮੇਂ ਦੀ ਮਿਕਦਾਰ ਲਈ ਜੋ ਉਹ ਤੁਹਾਡੇ ਇਲਾਕੇ ਵਿਚ ਗਸ਼ਤ ਕਰਨ ਲਈ ਖਰਚ ਕਰਦੀ ਹੈ, ਉਨ੍ਹਾਂ ਨਾਲ ਸੰਪਰਕ ਕਰਨ ਦੇ ਆਸਾਨ ਤਰੀਕੇ, ਅਤੇ ਤਹਾਡੀਆਂ ਕਾਲਾਂ ਦਾ ਜਵਾਬ ਦੇਣ ਦੇ ਸਪਸ਼ਟ ਟਾਇਮ।

## ਤੁਹਾਡੇ ਇਲਾਕੇ ਵਿਚ ਮੁਕਾਮੀ ਤਰਜੀਹਾਂ

ਅਸੀਂ ਤੁਹਾਡੀਆਂ ਤਸ਼ਵੀਸ਼ਾਂ ਬਾਰੇ ਤੁਹਾਡੇ ਨਾਲ ਵਿਚਾਰ ਵਟਾਂਦਰਾ ਕਰਨ ਲਈ ਬਾਕਾਇਦਾ ਮੀਟਿੰਗਾਂ ਕਰਾਂਗੇ ਅਤੇ ਇਹ ਪਤਾ ਕਰਾਂਗੇ ਕਿ ਤੁਸੀਂ ਕੀ ਸੋਚਦੇ ਹੋ ਕਿ ਸਾਡੀਆਂ ਪੁਲਿਸ ਤਰਜੀਹਾਂ ਕਿਸ ਤਰ੍ਹਾਂ ਦੀਆਂ ਹੋਣੀਆਂ ਚਾਹੀਦੀਆਂ ਹਨ। ਤੁਹਾਡੀਆਂ ਤਰਜੀਹਾਂ ਸਾਨੂੰ ਆਪਣੀਆਂ ਤਰਜੀਹਾਂ ਤੈਅ ਕਰਨ ਵਿਚ ਮਦਦ ਕਰਨਗੀਆਂ ਅਤੇ ਅਸੀਂ ਆਪਣੀ ਅਜੋਕੀ ਪ੍ਰਗਤੀ ਬਾਰੇ ਤੁਹਾਨੂੰ ਸੂਚਿਤ ਕਰਾਂਗੇ।

**ਸਾਨੂੰ 03456 043 043 ਉਤੇ ਕਾਲ ਕਰੋ**

## ਪੁਲਿਸ ਦੀ ਵਚਨਬਧੱਤਾ

### *ਤੁਹਾਡੇ ਲਈ ਆਪਣੀ ਸੇਵਾ ਮੁਹੱਈਆ ਕਰਦਿਆਂ*

**ਨਾਰਥਮਬਰੀਆ ਪੁਲਿਸ ਕਰੇਗੀ:**

1 ਪੂਰੇ ਸਤਿਕਾਰ ਸਹਿਤ, ਤੁਹਾਡੇ ਨਾਲ ਉਚਿਤ ਵਿਵਹਾਰ ਕਰੇਗੀ, ਅਤੇ ਜਦੋਂ ਵੀ ਤੁਹਾਨੂੰ ਉਨ੍ਹਾਂ ਦੀ ਜ਼ਰੂਰਤ ਹੋਏਗੀ ਆਪਣੀਆਂ ਸੇਵਾਵਾਂ ਤੱਕ ਪਹੁੰਚ ਮੁਹੱਈਆ ਕਰੇਗੀ।

2 ਤੁਹਾਨੂੰ ਦੱਸੇਗੀ ਕਿ ਤੁਹਾਡੀ ਗੁਆਂਢੀ ਪੁਲਿਸਿੰਗ ਟੀਮ ਕਿਹੜੀ ਹੈ ਅਤੇ ਤੁਸੀਂ ਉਨ੍ਹਾਂ ਨਾਲ ਕਿਸ ਤਰ੍ਹਾਂ ਸੰਪਰਕ ਕਰ ਸਕਦੇ ਹੋ।

3 ਤੁਹਾਡੇ ਇਲਾਕੇ ਵਿਚ ਪੁਲਿਸ ਗਸ਼ਤਾਂ ਨੂੰ ਯਕੀਨੀ ਬਣਾਇਆ ਜਾਏਗਾ ਅਤੇ ਜਿਥੇ ਅਤੇ ਜਦੋਂ ਤੁਹਾਨੂੰ ਉਸ ਦੀ ਬੇਹਦ ਜ਼ਰੂਰਤ ਹੈ।

4 ਤੁਹਾਡੇ ਗੁਆਂਢ ਦੀ ਪੁਲਸਿੰਗ ਟੀਮ ਨੂੰ ਪ੍ਰਾਪਤ ਸਾਰੇ ਪੈਗਾਮਾਂ ਦਾ ਫ਼ੌਰਨ ਜਵਾਬ ਦਿੱਤਾ ਜਾਏਗਾ।

5 ਹੰਗਾਮੀ ਜ਼ਰੂਰਤਾਂ ਵਿਚ ਪਹੁੰਚੇਗੀ, ਪਹੁੰਚਣ ਦਾ ਅਨੁਮਾਨਿਤ ਟਾਇਮ ਦਿੱਤਾ ਜਾਏਗਾ।

6 ਗੈਰ-ਹੰਗਾਮੀ ਕਾਲਾਂ ਦਾ ਫ਼ੌਰਨ ਜਵਾਬ ਦਿੱਤਾ ਜਾਏਗਾ ਅਤੇ ਤੁਹਾਡੀਆਂ ਜ਼ਰੂਰਤਾਂ ਪੂਰੀਆਂ ਕਰਨ ਪੁਲਿਸ ਸਹਾਇਤਾ ਮੁਹੱਈਆ ਕੀਤੀ ਜਾਏਗੀ।

7 ਤੁਹਾਡੇ ਲਈ ਬੜੀਆਂ ਅਹਿਮ ਚੀਜ਼ਾਂ ਉਤੇ ਵਿਚਾਰ ਵਟਾਂਦਰਾ ਕਰਨ ਲਈ ਤੁਹਾਡੇ ਗੁਆਂਢ ਦੀ ਪੁਲਿਸਿੰਗ ਟੀਮ ਨਾਲ ਬਾਕਾਇਦਾ ਪਬਲਿਕ ਮੀਟਿੰਗਾਂ ਕੀਤੀਆਂ ਜਾਣ ਗੀਆਂ।

8 ਹਰ ਮਹੀਨੇ ਇਸ ਬਾਰੇ ਅਜੋਕੀ ਹਾਲਤ ਬਾਰੇ ਦੱਸਿਆ ਜਾਏਗਾ ਕਿ ਅਸੀਂ ਤੁਹਾਡੇ ਗੁਆਂਢ ਨੂੰ ਸੁਰੱਖਿਅਤ ਰਖੱਣ ਲਈ ਅਸੀਂ ਆਪਣੇ ਸਾਥੀਆਂ ਨਾਲ ਕੀ ਕੁਝ ਕਰ ਰਹੇ ਹਾਂ।

9 ਅਸੀਂ ਪੀੜਤਾਂ ਨਾਲ ਸਹਿਮਤ ਹੋਵਾਂਗੇ ਕਿ ਅਸੀਂ ਤੁਹਾਡੇ ਕੇਸ ਬਾਰੇ ਅਜੋਕੀ ਜਾਣਕਾਰੀ ਕਿਸ ਤਰ੍ਹਾਂ ਅਤੇ ਕਿੰਨੀ ਦੇਰ ਤੱਕ ਮੁਹੱਈਆ ਕਰਾਂਗੇ।

10 ਮਾੜੀ ਕਾਰਗੁਜ਼ਾਰੀ ਦੀ ਕਿਸੇ ਵੀ ਰਿਪੋਰਟ ਦਾ ਫ਼ੌਰਨ ਜਵਾਬ ਦਿੱਤਾ ਜਾਏਗਾ ਅਤੇ ਸਹਿਮਤ ਹੋਵਾਂਗੇ ਕਿ ਇਸ ਦਾ ਕਿਸ ਤਰ੍ਹਾਂ ਨਿਪਟਾਰਾ ਕੀਤਾ ਜਾਏਗਾ।

*ਅਸੀਂ ਤੁਹਾਡੇ ਲਈ ਆਪਣੇ ਵੱਲੋਂ ਬੇਹਤਰੀਨ ਕੰਮ ਕਰਨਾ ਚਾਹੁੰਦੇ ਹਾਂ। ਜੇਕਰ ਅਸੀਂ ਆਪਣੀ ਪੁਲਸਿੰਗ ਵਚਨਬਧੱਤਾ ਨਿਭਾਉਣ ਵਿਚ ਨਾਕਾਮ ਰਹਿੰਦੇ ਹਾਂ ਅਸੀਂ ਹਮੇਸ਼ਾ ਸਪਸ਼ਟੀਕਰਣ ਦਿਆਂਗੇ ਕਿ ਅਸੀਂ ਆਪਣੇ ਉਦੇਸ਼ ਅਨੁਸਾਰ ਉਹ ਉਚੇਰੇ ਮਿਆਰ ਕਿਉਂ ਨਹੀਂ ਦੇ ਸਕੇ ਅਤੇ ਜਿਸ ਦੇ ਤੁਸੀਂ ਹੱਕਦਾਰ ਹੋ।*

ਗੁਆਂਢ ਦੀਆਂ ਤਰਜੀਹਾਂ ਅਤੇ ਆਪਣੀ ਗੁਆਂਢੀ ਪੁਲਸਿੰਗ ਟੀਮ ਨਾਲ ਮਿਲਣ ਦੇ ਮੌਕਿਆਂ ਸਮੇਤ, **ਹੋਰ ਵੇਰਿਵਿਆਂ ਅਤੇ ਮੁਕੰਮਲ ਪੁਲਸਿੰਗ ਵਚਨਬਧੱਤਾ ਲਈ, www.northumbria.police.uk ‘ਤੇ ਵਿਜ਼ਿਟ ਕਰੋ** ਜਾਂ **03456 043 043** ਐਕਸਟੈਂਸ਼ਨ **69191** ‘ਤੇ ਟੇਲੀਫੋਨ ਕਰੋ।

**ਸਾਨੂੰ 03456 043 043 ਉਤੇ ਕਾਲ ਕਰੋ**

# ਸਾਡੇ ਨਾਲ ਸੰਪਰਕ ਕਰਨ ਲਈ

ਸਾਡੇ ਨਾਲ ਸੰਪਰਕ ਕਰਨ ਲਈ ਅਸੀਂ ਲੋਕਾਂ ਲਈ ਇਹ ਆਸਾਨ ਬਣਾਉਣਾ ਚਾਹੁੰਦੇ ਹਾਂ।

**ਇਕ ਐਮਰਜੈਂਸੀ ਵਿਚ, ਜੇਕਰ ਕਿਸੇ ਬੰਦੇ ਦੀ ਜਾਨ ਖ਼ਤਰੇ ਵਿਚ ਜਾਂ ਕੋਈ ਅਪਰਾਧ ਹੋ ਰਿਹਾ ਹੈ**

## 999 'ਤੇ ਕਾਲ ਕਰੋ

**ਦੂਜੇ ਸਾਰੇ ਜੁਰਮਾਂ ਜਾਂ ਘਟਨਾਵਾਂ, ਜਾਂ ਆਮ ਜਾਣਕਾਰੀ ਅਤੇ ਸਲਾਹ ਬਾਰੇ ਰਿਪੋਰਟ ਕਰਨ ਲਈ**

## 03456 043 043 'ਤੇ ਕਾਲ ਕਰੋ

**ਜਾਂ**

## ਟੈਕਸਟ ਕਰੋ 07786 200 814

**ਕਮਜ਼ੋਰ ਸੁਣਨ ਵਾਲਿਆਂ ਲਈ**

## ਮਿਨਿਕੋਮ 01661 820 915

**ਜਾਂ**

## ਟੈਕਸਟ 07786 200 815

ਤੁਸੀਂ ਜਾਂ ਤਾਂ ਇਕ ਐਕਸਟੈਂਸ਼ਨ ਨੰਬਰ ਡਾਇਲ ਕਰ ਸਕਦੇ ਹੋ ਜੇਕਰ ਤੁਸੀਂ ਜਾਣਦੇ ਹੋ ਕਿ ਤੁਸੀਂ ਕਿਸ ਨਾਲ ਗੱਲ ਕਰਨੀ ਹੈ, ਜਾਂ ਸਾਡੇ ਕਮਿਯੁਨਿਕੇਸ਼ਨਜ਼ ਸੈਂਟਰ ਨਾਲ ਸੰਪਰਕ ਕਰੋ ਜਿਥੋਂ ਤੁਹਾਨੂੰ ਕੋਈ ਜਾਂ ਤਾਂ ਤੁਹਾਨੂੰ ਸਲਾਹ ਪੇਸ਼ ਕਰੇਗਾ ਜਾਂ ਇਕ ਵਾਕਿਆ ਦਰਜ਼ ਕਰੇਗਾ, ਅਤੇ ਅਤਿ ਜ਼ਰੂਰਤ ਅਨੁਸਾਰ ਇਕ ਹਲ ਦਾ ਪ੍ਰਬੰਧ ਕਰੇਗਾ।